ਕਹਾਣੀ

# ਢੋਂਗੀ

ਗੁਰਮੇਲ ਸਿੰਘ 'ਬੌਡੇ'



ਭਾਦੋਂ ਦੇ ਮਹੀਨੇ ਦਾ ਵੱਟ ਮਰੋੜ ਆਪਣੇ ਪੂਰੇ ਜ਼ੋਰ ਤੇ ਸੀ। ਮੀਂਹ ਪਏ ਨੂੰ ਕਾਫੀ ਚਿਰ ਹੋ ਗਿਆ ਸੀ। ਲੱਗਦਾ ਸੀ ਕਿ ਮਨੁੱਖ ਵਾਂਗ ਮੌਸਮ ਵੀ ਬੇਇਤਬਾਰੇ ਹੋ ਗਏ ਸਨ। ਰੋਜ਼ ਹੀ ਦਿਨ ਵੇਲੇ ਅਸਮਾਨ ਸਿਆਹ ਜੋ ਹੋ ਜਾਂਦਾ ਖੇਤਾਂ ਦੀਆਂ ਔੜ ਕਾਰਨ ਕਿਸਾਨ ਦੇ ਅੱਟਣਾਂ ਵਾਂਗ ਪਾਟੀਆਂ ਬਿਆਈਆਂ ਮੀਂਹ ਦੀਆਂ ਬੂੰਦਾਂ ਵੱਲ ਤੱਕਦੀਆਂ ਪਰ ਬੱਦਲ ਧੁੰਦ ਜਿਹੀ ਬਣ ਲੰਘ ਜਾਂਦੇ। ਫਿਰ ਓਹੀ ਤਮਾੜ ਭਾਰੂ ਹੋ ਜਾਂਦੀ। ਖੇਤਾਂ ਵਿਚ ਬਰੋ ਉਡ ਰਹੀ ਸੀ। ਖੇਤੀ ਕਰਨ ਵਾਲਿਆਂ ਦਾ ਸਾਰਾ ਜ਼ੋਰ ਸੁੱਕਦੇ ਝੋਨੇ ਨੂੰ ਪਾਣੀ ਲਗਾਉਣ ਤੇ ਲੱਗਾ ਹੋਇਆ ਸੀ। ਬਿਜਲੀ ਐਸੀ ਵੈਸੀ ਹੀ ਆਉਂਦੀ ਸੀ। ਜਿੰਨੀ ਕੁ ਆਉਂਦੀ ਉਸ ਨਾਲ ਪੂਰੀ ਨਹੀਂ ਸੀ ਪੈਂਦੀ। ਖੇਤਾਂ ਵਿਚ ਜਨਰੇਟਰਾਂ ਤੇ ਚਲਦੀਆਂ ਮੋਟਰਾਂ ਤੇਲ ਨਹੀਂ ਬਲਕਿ ਕਿਸਾਨ ਦਾ ਖੂਨ ਪੀਂਦੀਆਂ ਸਨ। ਸਰਕਾਰ ਅੱਠ ਘੰਟੇ ਦਾ ਇਕਰਾਰ ਕਰਕੇ ਮਸਾਂ ਛੇ ਸਾਢੇ ਛੇ ਘੰਟੇ ਬਿਜਲੀ ਦੇ ਰਹੀ ਸੀ। ਇੰਜ ਜਨਰੇਟਰ ਛੇ-ਸੱਤ ਘੰਟੇ ਮੋਟਰਾਂ ਚਲਾ ਕੇ ਹਰ ਰੋਜ਼ ਹਜ਼ਾਰ ਨੂੰ ਥੁੱਕ ਲਾ ਜਾਂਦਾ ਸੀ। ਆਮ ਕਿਸਾਨ ਲਈ ਖੇਤੀ ਕਰਨਾ ਹੁਣ ਅੱਕ ਚੱਬਣ ਦੇ ਬਰਾਬਰ ਸੀ ਅਤੇ ਉਨ੍ਹਾਂ ਦਾ ਠੂਠੇ ਨਾਲ ਕਨਾਲਾ ਵੱਜ ਰਿਹਾ ਸੀ। ਦੁਪਹਿਰ ਬਾਅਦ ਬਿਜਲੀ ਬੰਦ ਹੋਣ ਕਾਰਨ ਸਤਨਾਮ ਸਿੰਘ ਨੇ ਮੋਟਰ ਵਾਲੀ ਕੋਠੜੀ 'ਚੋਂ ਦਾਤੀ ਚੁੱਕੀ ਤੇ ਪਸ਼ੂਆਂ ਲਈ ਪੱਠਿਆਂ ਦੀਆਂ ਦੋ ਕੁ ਭਰੀਆਂ ਵੱਢਣ ਲਈ ਚਰੀ ਦੇ ਵੱਢ ਵਿਚ ਆ ਗਿਆ ਸੀ। ਸਤਨਾਮ ਸਿੰਘ ਮੱਧ ਵਰਗੀ ਕਿਸਾਨ ਪਰਿਵਾਰ ਨਾਲ ਸੰਬੰਧਿਤ ਸੀ। ਪਿਤਾ ਪੁਰਖੀ ਸੱਤ ਕੁ ਏਕੜ ਜ਼ਮੀਨ ਸੀ ਤੇ ਨਾਲ ਲੱਗਦੀ ਪੰਜ ਕੁ ਏਕੜ ਠੇਕੇ ਤੇ ਲੈ ਕੇ ਉਹ ਗੁਜ਼ਾਰੇ ਜੋਗੀ ਖੇਤੀ ਕਰ ਰਿਹਾ ਸੀ। ਉਸਨੂੰ ਫ਼ਿਕਰ ਸੀ ਕਿ ਜੇ ਮੌਸਮ ਦਾ ਮਿਜ਼ਾਜ ਏਹੀ ਰਿਹਾ ਤਾਂ ਜ਼ਮੀਨ ਦੇ ਠੇਕੇ ਦੀ ਕਿਸ਼ਤ ਉਸਦੇ ਆਪਣੇ ਖੇਤਾਂ ਦੀ ਕਮਾਈ 'ਚੋਂ ਬੁਰਕ ਭਰਕੇ ਲੈ ਜਾਵੇਗੀ। ਉਸ ਕੋਲ ਜਨਰੇਟਰ ਚਲਾਉਣ ਤੇ ਸਾਂਭੀ ਰੱਖਣ ਦੀ ਪੁੱਗਤ ਨਹੀਂ ਸੀ ਬੱਸ ਸਬਰ ਦੀ ਘੁੱਟ ਭਰਕੇ ਸਾਰਾ ਦੁੱਖ ਇਕੱਲੇ ਨੂੰ ਪਿੱਟਣਾ ਪੈਂਦਾ ਸੀ। ਇਨ੍ਹਾਂ ਹੀ ਸੋਚਾਂ ਵਿਚ ਜਦੋਂ ਉਸਨੇ ਚਰੀ ਦੇ ਵੱਢ ਵਿਚ ਆ ਕੇ ਚਾਰ ਕੁ ਸੱਥਰੀਆਂ ਵੱਢੀਆਂ ਤਾਂ ਗਰਮੀ ਨਾਲ ਉਸਦਾ ਬੁਰਾ ਹਾਲ ਸੀ। ਇਕ ਪਲ ਤਾਂ ਉਸਦਾ ਜੀ ਕੀਤਾ ਕਿ ਉਹ ਪੱਠੇ ਨਾ ਵੱਢੇ ਪਰ ਦੂਸਰੇ ਪਾਸੇ ਪੱਠਿਆਂ ਦਾ ਵੇਲਾ ਹੋ ਚੁੱਕਾ ਸੀ ਤੇ ਘਰੇ ਕਿੱਲਿਆਂ ਨਾਲ ਬੰਨੇ ਬੇਜ਼ੁਬਾਨਾਂ ਦਾ ਕੀ ਕਸੂਰ। ਇਹ ਸੋਚ ਉਸਨੇ ਕਮੀਜ਼ ਜੇਹੀ ਵੱਟੀ ਤੇ ਤੇਜ਼ੀ ਨਾਲ ਦਾਤੀ ਚਲਾਉਣ ਲੱਗਾ। ਗਰਮੀ ਤੋਂ ਧਿਆਨ ਲਾਂਭੇ ਕਰਨ ਲਈ ਦਿਮਾਗ਼ ਵਿਚ ਅਤੀਤ ਦੀਆਂ ਯਾਦਾਂ ਦੇ ਬੱਦਲ ਉਗਲਣ ਲੱਗੇ। ਉਹ ਆਪਣੇ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਮਾਂ-ਬਾਪ ਦੀ ਇੱਛਾ ਸੀ ਕਿ ਉਨ੍ਹਾਂ ਦਾ ਸਤਨਾਮ ਸਿੰਘ ਪੜ੍ਹ ਲਿਖ ਕੇ ਰੋਟੀ ਦੇ ਸਿਰੇ ਹੋ ਜਾਵੇ। ਆਪਣੀ ਤੇ ਮਾਪਿਆਂ ਦੀ ਇੱਛਾ ਪੂਰੀ ਕਰਨ ਲਈ ਅੱਜ ਤੋਂ ਵੀਹ ਕੁ ਸਾਲ ਪਹਿਲਾਂ ਉਸਨੇ ਕਾਲਜ ਤੋਂ ਪਹਿਲਾਂ ਬੀ.ਏ. ਫਿਰ ਬੀ-ਐਡ ਤੇ ਪ੍ਰਾਈਵੇਟ ਤੌਰ 'ਤੇ ਦੋ ਵਿਸ਼ਿਆਂ ਦੀ ਐਮ.ਏ. ਕਰ ਲਈ ਸੀ। ਉਸ ਸਮੇਂ ਬਾਪ ਵਿਚ ਬਲ ਸੀ ਤੇ ਉਹ ਖੇਤੀ ਦਾ ਸਾਰਾ ਕੰਮ ਚੁੱਕੀ ਫਿਰਦੇ ਸਨ। ਪੁੱਤਰ ਦਾ ਐਨੀਆਂ ਜਮਾਤਾਂ ਪੜ੍ਹ ਜਾਣ ਦਾ ਹੌਸਲਾ ਉਨ੍ਹਾਂ ਨੂੰ ਉਭਾਈ ਫਿਰਦਾ ਸੀ। ਉਸ ਸਮੇਂ ਪੰਜਾਬ ਦੇ ਹਾਲਾਤ ਬਦਤਰ ਸਨ। ਰਾਜ ਸਤ੍ਹਾ ਅਫ਼ਸਰਸ਼ਾਹੀ ਦੇ ਹੱਥ ਸੀ। ਆਮ ਆਦਮੀ ਦੀ ਚੰਡੀਗੜ੍ਹ ਦੇ ਅਫ਼ਸਰਾਂ ਤੱਕ ਰਸਾਈ ਕਿਵੇਂ ਵੀ ਸੰਭਵ ਨਹੀਂ ਸੀ। ਉਸਨੇ ਕਈ ਥਾਵਾਂ ਤੇ ਨੌਕਰੀ ਲਈ ਅਰਜ਼ੀਆਂ ਦਿੱਤੀਆਂ ਪਰ ਨਤੀਜਾ ਓਹੀ ਢਾਕ ਕੇ ਤੀਨ ਪਾਤ ਰਿਹਾ। ਉਸਨੂੰ ਲੱਗਦਾ ਕਿ ਐਮ.ਏ. ਕਰਕੇ ਵੀ ਨੌਕਰੀ ਪ੍ਰਾਪਤ ਕਰਨ ਦੇ ਮਾਮਲੇ ਵਿਚ ਉਹ ਐਵੇਂ ਹੀ ਰਹਿ ਗਿਆ ਸੀ। ਉਹ ਜਦੋਂ ਵੀ ਨੌਕਰੀ ਲਈ ਇੰਟਰਵਿਊ ਲਈ ਘਰੋਂ ਨਿਕਲਦਾ ਮਾਂ ਕਿੰਨੀਆਂ ਹੀ ਸੁੱਖਾਂ ਸੁਖਦੀ। ਉਸਨੂੰ ਲੱਗਦਾ ਕਿ ਜਿਸ ਦਿਨ ਉਸਨੂੰ ਨੌਕਰੀ ਮਿਲ ਗਈ ਤਾਂ ਸੁੱਖਣਾ ਲਾਹੁਣ ਲਈ ਉਸਨੂੰ ਘਰੇ ਵਿਆਹ ਵਾਲੇ ਘਰ ਵਾਂਗ ਕੜਾਹੀ ਚੜ੍ਹਾਉਣੀ ਪਵੇਗੀ। ਨੌਕਰੀ ਮਿਲਣ ਵਿਚ ਹੋ ਰਹੀ ਦੇਰੀ ਮਾਂ-ਬਾਪ ਦੇ ਹੀ ਨਹੀਂ ਸਗੋਂ ਉਸਦੇ ਮੱਥੇ ਵਿਚ ਸੋਚਾਂ ਦੀ ਤ੍ਰਿਸ਼ੂਲ ਜੇਹੀ ਬਣਾਉਣ ਲੱਗੀ। ਪਿੰਡ ਵਿਚ ਦੀ ਲੰਘਦੇ ਕਰਦੇ ਸਮੇਂ ਲੋਕ ਸੁਭਾਵਕ ਹੀ ਪੁੱਛਦੇ "ਕਿਉਂ ਬਈ ਪਾਹੜਿਆ ਅਜੇ ਬਣਿਆ ਨੀ ਕਿਤੇ ਨੌਕਰੀ ਦਾ ਜੁਗਾੜ" "ਨਹੀਂ ਜੀ ਅਜੇ ਬਣਿਆ ਨੀ" ਉਹ ਸਵਾਲਾਂ ਤੋਂ ਕੰਨੀ ਕਤਰਾਉਂਦਾ ਜਵਾਬ ਦਿੰਦਾ। ਹੁਣ ਮਾਂ ਨੂੰ ਲੱਗਣ ਲੱਗ ਪਿਆ ਸੀ ਕਿ ਨੌਕਰੀ ਮਿਲਣ ਵਿਚ ਪੈ ਰਿਹਾ ਅੜਿੱਕਾ ਕਿਸੇ ਗਰੋਹ ਦੀ ਕਰੋਪੀ ਹੈ। ਬੇਬੇ ਮਮਤਾ ਦਾ ਵਾਸਤਾ ਪਾ ਕੇ ਉਸਨੂੰ ਕਦੇ ਕੀੜੀਆਂ ਦੇ ਭੌਣ ਤੇ ਅਨਾਜ, ਕਦੇ ਕਾਲੇ ਕੁੱਤੇ ਨੂੰ ਚੋਪੜੀ ਹੋਈ ਅੱਧ ਕੱਚੀ ਰੋਟੀ ਪਾਉਣ ਲਈ ਕਹਿੰਦੀ। ਮਾਂ ਨੂੰ ਜਿਵੇਂ ਕੋਈ ਪਾਂਧਾ ਕਹਿ ਦਿੰਦਾ ਉਹ ਓਵੇਂ ਹੀ ਕਰਦੀ। ਕਦੇ ਉਹ ਉਸਨੂੰ ਵਗਦੇ ਪਾਣੀ ਵਿਚ ਨਾਰੀਅਲ ਤਾਰਨ ਲਈ ਲੈ ਜਾਂਦੀ। ਅੰਦਰੋ ਅੰਦਰ ਉਹ ਖਿਝ ਜਾਂਦਾ। ਇਹ ਕਰਦੇ ਸਮੇਂ ਉਸਨੂੰ ਵੀਹ ਸਾਲ ਲਗਾ ਕੇ ਕੀਤੀ ਪੜ੍ਹਾਈ ਤੇ ਖਿਝ ਆਉਂਦੀ। ਮਾਂ ਬੀਹੀ 'ਚੋਂ ਲੰਘਦੇ ਤਿਲਕਧਾਰੀ ਨੂੰ ਸੱਦਕੇ ਉਸਦਾ ਹੱਥ ਦਿਖਾਉਂਦੀ। ਪੰਡਤਦ ਵਣਾਲ ਕ ਮ ਨੂੰ ਬ ਗਮਜ ਾਲਦ ' ਲੋਲੀਪਾਪ ਦੇ ਜਾਂਦਾ। ਮਾਂ ਉਸਦੇ ਕਿਸਮਤ ਵਾਲਾ ਹੋਣ ਦੇ ਭਰਮ ਵਿਚ ਉਡਦੀ ਰਹਿੰਦੀ। ਇਕ ਦਿਨ ਮਾਂ ਲਾਗਲੇ ਪਿੰਡ ਆਏ ਕਿਸੇ ਸੰਤ ਤੋਂ ਅੰਮ੍ਰਿਤ ਛਕ ਆਈ ਸੀ। ਮਾਂ ਨਹਾ ਧੋ ਕੇ ਦੋ ਵੇਲੇ ਪਾਠ ਕਰਨ ਲੱਗੀ ਸੀ। ਉਸਨੂੰ ਲੱਗਦਾ ਸੀ ਕਿ ਪਾਠ ਕਰਨ ਨਾਲ ਉਸ ਦੇ ਮਨ ਦੀਆਂ ਖਾਹਸ਼ਾਂ ਪੂਰੀਆਂ ਹੋਣਗੀਆਂ। ਅੰਮ੍ਰਿਤ ਛਕ ਕੇ ਵੀ ਉਹ ਵੀ ਪੱਤਰੀਆਂ, ਹਸਤ ਰੇਖਾਵਾਂ ਤੇ ਟੇਵਿਆਂ 'ਚੋਂ ਨਿਕਲ ਨਾ ਸਕੀ। ਮਾਂ ਦੇ ਉਸਦੀ ਨੌਕਰੀ ਪ੍ਰਤੀ ਐਨੇ ਲਗਾਓ ਤੇ ਉਸਨੂੰ ਮਾਂ ਤੇ ਤਰਸ ਆਉਂਦਾ ਤੇ ਇਸ ਦੀ ਆੜ ਵਿਚ ਮਾਂ ਦੀਆਂ ਅਧੂਰੀਆਂ ਖਾਹਸ਼ਾਂ ਨੂੰ ਲਾਰਾ ਬਣਾਉਣ ਵਾਲੇ ਪਾਂਡੇ ਪਾਂਧਿਆਂ ਤੇ ਫ਼ਰਤ ਦੀ ਇਕ ਚੀਹ ਚੜ੍ਹਦੀ ਜੋ ਉਸਦੀ ਆਰਥਿਕ ਤੇ ਮਾਨਸਿਕ ਲੁੱਟ ਕਰਦੇ। ਉਸ ਤੋਂ ਮਾਂ ਨੂੰ ਅਜਿਹੇ ਢੌਂਗੀ ਤੇ ਅਨਪੜ੍ਹ ਲੋਕਾਂ ਤੋਂ ਲੁੱਟੇ ਜਾਣਾ ਵੀ ਬਰਦਾਸ਼ਤ ਨਹੀਂ ਸੀ ਹੁੰਦਾ। ਮਾਂ ਚਾਹੁੰਦੀ ਸੀ ਕਿ ਕਿਹੜਾ ਵੇਲਾ ਹੋਵੇ ਪੁੱਤ ਪੜ੍ਹ ਨੌਕਰੀ ਤੇ ਲੱਗ ਜਾਵੇ ਤੇ ਉਹ ਪੜ੍ਹੀ ਲਿਖੀ ਨੌਕਰੀ ਕਰਦੀ ਬਹੂ ਵਿਆਹ ਕੇ ਲਿਆਵੇ ਤਾਂ ਜੋ ਘਰ ਦੇ ਧੋਣੇ ਧੋਤੇ ਜਾ ਸਕਣ। ਪਰ ਘਰ ਤਾਂ ਉਸਦੀ ਪੜ੍ਹਾਈ ਦੇ ਖਰਚਿਆਂ ਤੋਂ ਬਾਅਦ ਨੌਕਰੀ ਦੇ ਅਰਜ਼ੀ ਫਾਰਮਾਂ ਨਾਲ ਲੱਗਦੇ ਫੀਸਾਂ ਦੇ ਡਰਾਫਟ ਤੇ ਫੋਟੋਆਂ ਤੇ ਖਰਚ ਹੁੰਦੀ ਰਕਮ ਨਾਲਪ ਤਾਜ ਾਂ ਰਹਾਸ ੀ ਮ ਕ੍ਰਾਈਕ ਕਨਤ ਬਾਅਦ ਉਸ ਵਾਸਤੇ ਕਈ ਰਿਸ਼ਤੇ ਆਏ ਪਰ ਨੌਕਰੀ ਪ੍ਰਾਪਤ ਕਰਕੇ ਤੇ ਨੌਕਰੀ ਪੇਸ਼ਾ ਲੜਕੀ ਨਾਲ ਵਿਆਹ ਕਰਵਾਉਣ ਦੀ ਰੀਝ ਕਾਰਨ ਉਹ ਨਾਂਹ ਕਰਦੇ ਰਹੇ। ਹੁਣ ਨੌਕਰੀ ਨਾ ਲੱਗਣ ਕਰਕੇ ਤੇ ਵਕਤ ਲੰਘਣ ਕਰਕੇ ਰਿਸ਼ਤਾ ਕਰਨ ਵਾਲਿਆਂ ਦੀ ਆਮਦ ਘੱਟ ਗਈ ਸੀ। ਇਸ ਦੌਰਾਨ ਉਸ ਤੋਂ ਵੱਡੀ ਭੈਣ ਦਾ ਵਿਆਹ ਕੀਤਾ ਗਿਆ। ਬਾਪੂ ਨੇ ਲੋਕ ਲੱਜੋਂ ਆਪਣੀ ਨੱਕ ਰੱਖਣ ਲਈ ਅੱਡੀਆਂ ਚੁੱਕ ਕੇ ਫਾਹਾ ਲੈਣ ਵਾਂਗ ਵਿਆਹ ਵੀ ਚੌਕਵਾਂ ਕੀਤਾ। ਪ੍ਰਾਹੁਣੇ ਨੂੰ ਜੋੜੀ-ਵੱਡਾ ਮੋਟਰਸਾਈਕਲ ਤੇ ਹੋਰ ਨਿੱਕ ਸੁੱਕ ਪਾਇਆ ਗਿਆ। ਇੰਜ ਕਰਨ ਨਾਲ ਖੇਤੀ ਕਰਜ਼ੇ ਦੇ ਥੱਲੇ ਆ ਗਈ। ਹਰ ਸਾਲ ਰੇਹ, ਤੇਲ, ਦਵਾਈਆਂ ਦੀਆਂ ਵਧਦੀਆਂ ਕੀਮਤਾਂ ਤੇ ਹਰ ਸਾਲ ਵਧਦੇ ਜ਼ਮੀਨ ਦੇ ਠੇਕਿਆਂ ਕਾਰਨ ਘਰ ਇਕ ਤੰਦੂਆ ਜਾਲ ਵਿਚ ਫਸ ਚੁੱਕਾ ਸੀ। ਬੇਬੇ ਦੀਆਂ ਗ੍ਰਹਿ ਕਰੋਪੀ ਦੂਰ ਕਰਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਆਰਥਿਕ ਤੰਗੀ ਤੇ ਮਹਿੰਗਾਈ ਦਾ ਗ੍ਰਹਿ ਘਰ ਨੂੰ ਲੋਕੋ ਲੈ ਰਹੇ ਸਨ। ਘਰ ਵਿਚ ਸੁਖਮਨੀ ਦੇ ਪਾਠ ਹੋਣ ਦੇ ਬਾਵਜੂਦ ਘਰ ਵਿਚ ਤੰਗੀਆਂ ਤੁਰਸ਼ੀਆਂ ਦੁਖਮਨੀ ਬਣ ਰਹੀਆਂ ਸਨ। ਧਾਰਮਿਕ ਸਥਾਨਾਂ ਤੇ ਮੱਥੇ ਰਗੜਦਿਆਂ ਤੇ ਘਰ ਦੇ ਭਾਂਡੇ ਮਾਂਜਦਿਆਂ ਬੇਬੇ ਦੇ ਮੱਥੇ ਤੇ ਹੱਥਾਂ ਦੀਆਂ ਲਕੀਰਾਂ ਘਸ ਰਹੀਆਂ ਸਨ। ਕਾਲਜ ਪੜ੍ਹਦਿਆਂ ਉਸਨੂੰ ਐਨੀ ਕੁ ਸਮਝ ਤਾਂ ਆ ਗਈ ਸੀ ਕਿ ਜਿਹੜੇ ਲੀਡਰ, ਸੇਠ, ਵਪਾਰੀ, ਸਾਧ, ਬਲੈਕੀਏ, ਭ੍ਰਿਸ਼ਟ ਅਫ਼ਸਰ ਕੁਝ ਵੀ ਨਹੀਂ ਸਨ ਕਰਦੇ ਉਨ੍ਹਾਂ ਦੇ ਵਾਰੇ ਨਿਆਰੇ ਹੋ ਗਏ ਸਨ। ਪੰਜਾਬ ਦੇ ਵਿਗੜਦੇ ਹਾਲਾਤਾਂ ਦੌਰਾਨ ਜੋ ਮਰਜੀਵੜੇ ਬਣੇ ਸਨ ਉਹ ਮੌਕਾਪ੍ਰਸਤੀ ਕਰਕੇ ਹੁਣ ਵੋਟ ਜੀਵੜੇ ਬਣਕੇ ਕਾਰਾਂ ਕੋਠੀਆਂ ਤੇ ਜਾਇਦਾਦਾਂ ਦੇ ਮਾਲਕ ਬਣ ਗਏ ਸਨ। ਉਹ ਸੋਚਦਾ ਕਿ ਇਹ ਸਾਰੇ ਉਸਦੇ ਤੇ ਉਸ ਵਰਗੇ ਹਜ਼ਾਰਾਂ ਲੱਖਾਂ ਦੀ ਜ਼ਿੰਦਗੀ ਦੇ ਅਸਲੀ ਗਰੋਹ ਹਨ। ਬੇਬੇ ਐਵੇਂ ਤਾਂਬੇ-ਪਿੱਤਲ ਦੀ ਪੱਤੀ ਦੇ ਸ਼ਨੀ ਨੂੰ ਤੇਲ ਚੜ੍ਹਾ ਰਹੀ ਸੀ। ਨੌਕਰੀ ਦੀ ਉਡੀਕ ਵਿਚ ਉਸਦੀ ਉਮਰ ਲੰਘ ਰਹੀ ਸੀ। ਪੰਜ-ਛੇ ਸਾਲ ਲੰਘਣ ਤੋਂ ਬਾਅਦ ਮਾਂ-ਬਾਪ ਫ਼ਿਕਰ ਹੋਇਆ ਕਿ ਪੁੱਤ ਕਿਤੇ ਇੰਜ ਹੀ ਨਾ ਰਹਿ ਜਾਵੇ। ਪਹਿਲਾਂ ਉਹ ਸਾਕ ਵਾਲਿਆਂ ਨੂੰ ਤੇ ਹੁਣ ਰਿਸ਼ਤਾ ਕਰਨ ਵਾਲੇ ਲੜ ਨਹੀਂ ਫੜਾ ਰਹੇ ਸਨ। ਜਦੋਂ ਉਹ ਸਤਨਾਮ ਸਿੰਘ ਪਿੰਡ ਵਾਲਿਆਂ ਲਈ ਸੋਤਾ ਬਣਕੇ ਖੇਤੀ ਦੇ ਕਿੱਤੇ ਵਿਚ ਆਇਆ ਖੇਤੀ ਦਾ ਕਰਜ਼ਾ ਇਕ ਖੇਤ ਖਾ ਚੁੱਕਾ ਸੀ।

ਕਾਫੀ ਕੋਸ਼ਿਸ਼ਾਂ ਬਾਅਦ ਇਕ ਦਰਮਿਆਨੇ ਜਿਹੇ ਪਰਿਵਾਰ ਦੇ ਰਿਸ਼ਤੇ ਦੀ ਦੱਸ ਪਈ ਤਾਂ ਇਹ ਰਿਸ਼ਤਾ ਪ੍ਰਵਾਨ ਕਰ ਲਿਆ ਗਿਆ। ਇੰਜ ਸਤਨਾਮ ਸਿੰਘ ਦਾ ਘਰ ਵਸਦਿਆਂ ਵਿਚ ਹੋ ਗਿਆ। ਸਤਵੀਰ ਕੌਰ ਉਸਦੀ ਜੀਵਨ ਸਾਥੀ ਬਣ ਗਈ। ਉਹ ਸ਼ਕਲ ਤੇ ਸੀਰਤ ਪੱਖੋਂ ਨੇਕ ਤੇ ਚੰਗੀ ਸੀ। ਭਾਵੇਂ ਉਹ ਬਾਰਾਂ ਕੁ ਜਮਾਤਾਂ ਹੀ ਪੜ੍ਹੀ ਹੋਈ ਸੀ। ਪਰ ਪਿੰਡ ਆਈਆਂ ਵਹੁਟੀਆਂ ਨਾਲੋਂ ਸੁਭਾਓ ਪੱਖੋਂ ਤੇ ਸ਼ਕਲ ਪੱਖੋਂ ਸਿਰ ਕੱਢਵੀਂ ਹੋਣ ਕਰਕੇ ਉਸਦੀ ਮਾਂ ਨਾਲ ਮੀਚਾ ਬਹੁਤ ਮਿਲਦੀ ਸੀ। ਉਸਦੀ ਮਾਨਸਿਕਤਾ ਬੇਬੇ ਵਰਗੀ ਸੀ। ਸਤਨਾਮ ਸਿੰਘ ਇਸ ਗੱਲੋਂ ਸੰਤੁਸ਼ਟ ਸੀ ਕਿ ਆਮ ਘਰਾਂ ਵਿਚ ਨੂੰਹ ਸੱਸ ਦੀ ਸੱਧਰੀ ਨਹੀਂ ਸੀ ਪੈਂਦੀ ਤੇ ਏਥੇ ਨੂੰਹ ਸੱਸ ਦੇ ਸੁਭਾਓ ਦੇ ਬੁਝੀਏ ਪੂਰੀ ਤਰ੍ਹਾਂ ਫਿੱਟ ਸਨ। ਭਾਵੇਂ ਘਰ ਵਿਚ ਆਰਥਿਕ ਤੰਗੀਆਂ ਸਨ। ਕਿੰਨੀਆਂ ਰੀਝਾਂ ਨੂੰ ਦਬਾ ਕੇ ਰੱਖਣਾ ਪੈਂਦਾ ਸੀ। ਪਰ ਘਰ ਦਾ ਮਾਹੌਲ ਨਿੱਕੀਆਂ-ਨਿੱਕੀਆਂ ਗੱਲਾਂ ਦੇ ਕਜ਼ੀਆ ਕਲੇਸ਼ਾਂ ਤੇ ਤਣਾਓ ਤੋਂ ਮੁਕਤ ਸੀ। ਸਤਨਾਮ ਸਿੰਘ ਨੇ ਮਨ ਨੂੰ ਇਸ ਗੱਲ ਤੇ ਖੜ੍ਹਾ ਲਿਆ ਸੀ ਕਿ ਮਨੁੱਖ ਨੂੰ ਜ਼ਿੰਦਗੀ ਵਿਚ ਚਾਹੀਦਾ ਤਾਂ ਬਹੁਤ ਕੁਝ ਹੈ। ਪਰ ਸਾਰਾ ਕੁਝ ਮਿਲ ਵੀ ਨਹੀਂ ਸਕਦਾ। ਪਰ ਜ਼ਿੰਦਗੀ 'ਚ ਜੋ ਕੁਝ ਮਿਲੇ ਉਸ ਤੇ ਸੰਤੁਸ਼ਟ ਹੋ ਜਾਣਾ ਚਾਹੀਦਾ ਹੈ। ਹੁਣ ਨੌਕਰੀ ਦੀ ਆਸ ਲਹਿ ਚੁੱਕੀ ਸੀ। ਉਹ ਨੌਕਰੀ ਦੀ ਉਮਰ ਸੀਮਾ ਪਾਰ ਕਰਨ ਦੇ ਨੇੜੇ ਸੀ। ਘਰ ਪਰਿਵਾਰ ਵਿਚ ਆਪਸੀ ਤਾਲਮੇਲ ਹੋਵੇ ਤਾਂ ਆਰਥਿਕ ਤੰਗੀਆਂ ਦੀ ਪ੍ਰੇਸ਼ਾਨੀ ਵੀ ਕੱਟੀ ਜਾਂਦੀ ਹੈ। ਵਿਆਹ ਤੋਂ ਦੋ ਕੁ ਸਾਲ ਬਾਅਦ ਘਰ ਵਿਚ ਉਸ ਸਮੇਂ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦ ਸਤਵੀਰ ਨੇ ਘਰ ਨੂੰ ਪੁੱਤਰ ਦੀ ਦਾਤ ਨਾਲ ਨਿਵਾਜ ਦਿੱਤਾ। ਪੋਤੇ ਦੇ ਰੂਪ ਵਿਚ ਹੁਣ ਬੇਬੇ ਨੂੰ ਇਕ ਰੁਝੇਵਾਂ ਮਿਲ ਗਿਆ। ਦੋਵੇਂ ਨੂੰਹ ਸੱਸ ਬੱਚੇ ਦਾ ਮੁੜਕਾ ਨਾ ਸਹਾਰਦੀਆਂ। ਘਰ ਵਿਚ ਚਾਅ ਨਾਲ ਬੱਚੇ ਦਾ ਨਾਂ ਕੰਵਰਪਾਲ ਰੱਖਿਆ ਗਿਆ। ਘਰ ਵਿਚ ਦੋ ਮੈਂਬਰਾਂ ਦੀ ਆਮਦ ਨਾਲ ਪਰਿਵਾਰਕ ਖਰਚੇ ਕੁਝ ਵਧੇ ਪਰ ਫਿਰ ਵੀ ਸਾਰਾ ਪਰਿਵਾਰ ਇਸਨੂੰ ਸਹਿਜ ਰੂਪ ਵਿਚ ਲੈ ਰਿਹਾ ਸੀ। ਇੰਜ ਰੁੱਖ-ਮਿੱਸਾ ਗੁਜ਼ਾਰਾ ਚੱਲੀ ਜਾ ਰਿਹਾ ਸੀ। ਜਦੋਂ ਕਦੇ ਕੁਦਰਤੀ ਕਰੋਪੀ ਕਾਰਨ ਫਸਲ ਨੂੰ ਕੋਈ ਅਚਾ ਆਉਂਦੀ ਤਾਂ ਮਾਂ ਬਾਪ ਦੇ ਇਹ ਬੋਲ "ਕੋਈ ਨਾ ਪੁੱਤ ਕਿਹੜਾ ਆਪਣੇ ਕੱਲਿਆਂ ਨਾਲ ਹੋਈ ਹੈ, ਆਪਾਂ ਲੋਕਾਂ ਦੇ ਨਾਲ ਹੀ ਹਾਂ।" ਉਸਨੂੰ ਮੁਸ਼ਕਲ ਦਾ ਸਾਹਮਣਾ ਕਰਨ ਦਾ ਬਲ ਬਖਸ਼ਦੇ। ਅਚਾਨਕ ਪਸੀਨੇ ਨਾਲ ਭਰੇ ਹੱਥਾਂ ਤੋਂ ਦਾਤੀ ਤਿਲਕ ਕੇ ਹੱਥੋਂ ਛੁੱਟ ਗਈ। ਐਨੀ ਬੱਚਤ ਕਿ ਇਹ ਪੈਰ ਦੇ ਅੰਗੂਠੇ ਤੇ ਨਹੀਂ ਲੱਗੀ। ਉਹ ਸੋਚਾਂ ਦੇ ਘੋੜੇ ਤੋਂ ਉਤਰਿਆ। ਉਹ ਪਿਛਾਂਹ ਨਜ਼ਰ ਮਾਰੀ ਪੱਠਿਆਂ ਦੀਆਂ ਪੰਜ-ਸੱਤ ਸੱਥਰੀਆਂ ਵੱਢ ਵੱਢ ਲਈਆਂ ਸਨ। ਉਸਦਾ ਸਰੀਰ ਪਸੀਨੇ ਨਾਲ ਤਰ ਤ ਬਰ ਹੋ ਚੁੱਕਾ ਸੀ। ਕਮੀਜ਼ ਉਸਦੇ ਸਰੀਰ ਨਾਲ ਚਿਪਕ ਚੁੱਕਾ ਸੀ। ਫਿਰ ਉਸਨੇ ਦਾਤੀ ਵਾਂਦੇ 'ਚ ਰੱਖ ਕੇ ਸੱਥਰੀਆਂ ਦੇ ਥੱਬੇ ਭਰਕੇ ਬਲਦ ਵਾਲੀ ਰੇਹੜੀ ਤੇ ਲੱਦੇ। ਚਰੀ ਤੇ ਪੱਤਿਆਂ ਨੇ ਉਸਦਿਆਂ ਬਾਹਾਂ ਅਤੇ ਲੱਤਾਂ ਤੇ ਬਿੱਲੀ ਦੀਆਂ ਨੌਹਦਰਾਂ ਵਾਂਗ ਘਰੂਟ ਜਿਹੇ ਭਰ ਲਏ ਸਨ। ਪਰ ਸੋਚਾਂ ਵਿਚ ਉਸਨੂੰ ਇਸਦੀ ਕਸਕ ਮਹਿਸੂਸ ਨਾ ਹੋਈ। ਪਰ ਹੁਣ ਸਲੂਣਾ ਪਸੀਨਾ ਇਨ੍ਹਾਂ ਚੀਰ ਵਿਚ ਮਿੱਠੀ ਮਿੱਠੀ ਜਲੂਣ ਕਰਦਾ ਮਹਿਸੂਸ ਹੋਇਆ। ਹੁਣ ਪਰਛਾਂਵੇਂ ਢਲ ਰਹੇ ਸਨ। ਹਵਾ ਅਜੇ ਵੀ ਬੰਦ ਸੀ। ਉਸਨੇ ਦੇਖਿਆ ਕਿ ਬਾਪੂ ਜੀ ਮੋਟਰ ਵਾਲੀ ਕੋਠੜੀ ਕੋਲ ਟਾਹਲੀ ਦੀ ਛਾਵੇਂ ਮੰਜੇ ਤੇ ਆਰਾਮ ਕਰ ਰਹੇ ਸਨ "ਬਾਪ ਜੀ, ਬਾਪੂ ਜੀ", ਉਸ ਨੇ ਲੰਮੀ ਹਾਕ ਮਾਰਦਿਆ ਕਿਹਾ, "ਮੈਂ ਪੱਠੇ ਲੈ ਕੇ ਘਰੇ ਚੱਲਿਆ - ਜੇ ਬਿਜਲੀ ਆ ਗਈ ਤਾਂ ਮੋਟਰ ਚਲਾ ਦਿਓ - ਨੱਕਾ ਮੇਰਾ ਛੱਡਿਆ ਹੋਇਐ।" ਜਵਾਬ ਵਿਚ ਬਾਪੂ ਜੀ ਨੇ ਹੱਥ ਚੁੱਕ ਦਿੱਤਾ। ਉਸਨੇ ਰੇਹੜੀ ਅੱਗੇ ਵਹਿੜਕਾ ਜੋੜਿਆ ਤੇ ਗਰਮੀ ਨਾਲ ਔਕਲਕਾਣ ਹੋਇਆ ਘਰੇ ਪਹੁੰਚਿਆ। ਘਰ ਦੇ ਵਰਾਂਡੇ ਵਿਚ ਕੁੜੀਆਂ-ਬੁੜੀਆਂ ਦਾ ਝੁਰਮਟ ਜੇਹਾ ਦੇਖ ਕੇ ਉਸਨੂੰ ਹੈਰਾਨੀ ਹੋਈ। ਉਸ ਬਲਦਾ ਨੂੰ ਰੇਹੜੀ ਹੇਠੋਂ ਕੱਢ ਕੇ ਰੇਹੜੀ ਨੂੰ ਖੁਦ ਹੀ ਪਿੱਛੇ ਕਰਕੇ ਕੁਤਰੇ ਵਾਲੀ ਮਸ਼ੀਨ ਦੇ ਨੇੜੇ ਕੀਤਾ। ਉਸਨੂੰ ਘਰੇ ਆਇਆ ਦੇਖ ਬੇਬੇ ਦਲਾਨ ਵਿਚ ਆਈ ਤੇ ਬੋਲੀ, "ਆ ਗਿਆ ਪੁੱਤ ਪੱਠੇ ਲੈ ਕੇ - ਵੇਖਾਂ ਮੇਰਾ ਪੁੱਤ ਕਿਵੇਂ ਮੁੜਕੋ ਮੁੜਕੀ ਹੋਇਐ - ਪਤਾ ਨਹੀਂ ਮੇਰੇ ਪੁੱਤ ਦੇ ਦਿਨ ਕਦੋਂ ਫਿਰਨਗੇ ਉਸ ਹਮਦਰਦੀ ਭਰੇ ਬੋਲਾਂ ਦਾ ਤਾਣਾ ਬਾਣਾ ਬੁਣਦਿਆਂ ਕਿਹਾ "ਪੁੱਤ ਆਪਣੇ ਘਰੇ ਇਕ ਗੁਣੀ ਗਿਆਨੀ ਪਾਂਡਾ ਆਇਐ - ਸਭ ਸੱਚੀਆਂ ਗੱਲਾਂ ਦੱਸਦੈ, ਬੱਸ ਰੇਖ ਵਿਚ ਮੇਖ ਮਾਰਦੈ ਮੇਰਾ ਪੁੱਤ ਤੂੰ ਕੁਝ ਕਹੀ ਨਾ ਮੈਂ ਤਾਂ ਚਾਹੁੰਦੀ ਆ ਕਿ ਜੇ ਤੇਰੇ ਮਨ 'ਚ ਕੁਝ ਹੈ ਤਾਂ ਪੁੱਛ ਲੈ ਖਬਰੇ ਦਿਨ ਫਿਰ ਜਾਣ" ਹੁਣ ਉਸਨੂੰ ਪਤਾ ਲੱਗ ਗਿਆ ਸੀ ਕਿ ਵਰਾਂਡੇ 'ਚ ਕਾਹਦਾ ਕੱਠ ਐ। "ਬੇਬੇ ਜੇ ਤੂੰ ਅੰਮ੍ਰਿਤ ਛਕ ਕੇ ਵੀ ਕਿਸਮਤ ਦੇ ਗਧੀ ਗੇੜ ਵਿਚ ਹੀ ਪੈਣਾ ਸੀ ਤਾਂ ਅੰਮ੍ਰਿਤ ਦਾਤ ਨੂੰ ਕਾਹਨੂੰ ਲਾਜ ਲਾਉਣੀ ਸੀ। ਗੁਰੂ ਸਾਹਿਬ ਨੇ ਤਾਂ ਤਕਦੀਰ ਬਦਲਾਉਣ ਲਈ ਇਹ ਭਰੋਤੀ ਬਖਸ਼ੀ ਐ ਪੱਤਰੀਆਂ ਰਾਹੀਂ ਨਹੀਂ" ਉਸ ਨੇ ਬੇਬੇ ਨੂੰ ਮੋੜ ਦਿੱਤਾ। "ਵੇ ਪੁੱਤ ਆਪਾਂ ਹੋਏ ਪਾਪੀ ਜਿਓੜੇ, ਮੋਹ ਅਤੇ ਕਬੀਲਦਾਰੀਆਂ ਦੇ ਚਿੱਕੜ ਵਿਚ ਫਸੇ ਹੋਏ ਆਪਾਂ ਨੀ ਭਰੋਤੀਆਂ ਚਲਾ ਸਕਦੇ ਭਰੋਤੀ ਚਲਾਉਣ ਲਈ ਮੋਹ ਤਿਆਗਣਾ ਪੈਂਦਾ ਐ ਬਾਜਾਂ ਵਾਲੇ ਵਾਂਗ" ਮਾਂ ਨੇ ਕਿਹਾ "ਬੇਬੇ ਇਕ ਗੱਲ ਪੁੱਛਾਂ ਜਿੰਨਾ ਸੰਤਾਂ ਤੋਂ ਤੂੰ ਅੰਮ੍ਰਿਤ ਪਾਨ ਕੀਤਾ ਐ ਤੇ ਭਰੋਤੀ ਪੁਆਈ ਹੈ ਉਨ੍ਹਾਂ ਨੂੰ ਪੁੱਛਣਾ ਸੀ ਕਿ ਸੰਤੋ ਇਹ ਤਾਂ ਦੱਸੋ ਇਹ ਚਲਾਉਣੀ ਕਦੋਂ ਐ? ਜੇ ਭਰੋਤੀ ਚਲਾਉਣੀ ਹੀ ਨਹੀਂ ਤਾਂ ਫਿਰ ਭੁਗਤੀ ਚੱਲੋ। ਫਿਰ ਪੱਤਰੀਆਂ ਦੇ, ਪੁੱਛਾਂ ਦੇ, ਟੇਵਿਆਂ ਦੇ ਚਿੱਕੜ 'ਚ ਕਿਉਂ ਵੜੇ ਹੋਏ ਹੋ ਗੁਰੂ ਸਾਹਿਬ ਨੇ ਤਾਂ ਇਹ ਸਭ ਵਰਜਤ ਕੀਤੇ ਹਨ। ਗੁਰੂ ਸਾਹਿਬ ਨੇ ਤਾਂ ਪ੍ਰਿਥਮੇ ਭਰੋਤੀ ਸਿਮਰੀਐ ਦਾ ਫੁਰਮਾਨ ਕੀਤੈ ਏਹੀ ਸਾਰੇ ਦੁੱਖਾਂ ਦੀ ਦਾਰੂ ਹੈ। ਤੇ ਤੁਰੀ ਤੂੰ ਉਨ੍ਹਾਂ ਮਗਰ ਫਿਰਦੀ ਐ ਜਿਨ੍ਹਾਂ ਨੂੰ ਆਵਦੇ ਭਵਿੱਖ ਦਾ ਵੀ ਪਤਾ ਨਹੀਂ। ਸਤਨਾਮ ਗੱਲਾਂ ਕਰਦਾ